| | |
|---|---|
| # Work visa scams | # ਕੰਮ ਨਾਲ ਸਬੰਧਤ ਵੀਜ਼ਾ ਦੇ ਘਪਲੇ |
| **Work visa scams. Don't pay the price** | **ਕੰਮ ਨਾਲ ਸਬੰਧਤ ਵੀਜ਼ਾ ਦੇ ਘਪਲੇ। ਕੀਮਤ ਨਾ ਚੁਕਾਓ** |
| A scam is an attempt to intentionally mislead people to steal money, property, or personal information, or to dishonestly obtain something else of value. | ਇਕ ਘਪਲਾ, ਪੈਸੇ, ਸੰਪਤੀ, ਜਾਂ ਵਿਅਕਤੀਗਤ ਜਾਣਕਾਰੀ ਨੂੰ ਚੋਰੀ ਕਰਨ ਲਈ ਲੋਕਾਂ ਨੂੰ ਉਕ੍ਸੰਦਾ ਹੈ ਤੇ ਗੁੰਮਰਾਹ ਕਰਨ ਦੀ ਕੋਸ਼ਿਸ਼ ਹੁੰਦੀ ਹੈ ਜਾਂ ਕਿਸੇ ਮੁੱਲਵਾਨ ਚੀਜ਼ ਨੂੰ ਪ੍ਰਾਪਤ ਕਰਨ ਲਈ ਕੀਤੀ ਗਈ ਬੇਇਮਾਨੀ ਹੁੰਦੀ ਹੈ। |
| We are aware that criminals around the world and in Australia use scams with false promises of work and permanent residence in Australia as a way to exploit or steal money from people. | ਸਾਨੂ ਪਤਾ ਹੈ ਕਿ ਦੁਨੀਆਂ ਭਰ ਵਿੱਚ ਅਤੇ ਅਸਟਰੇਲੀਆ ਵਿੱਚ ਅਪਰਾਧੀ, ਲੋਕਾਂ ਦਾ ਸੋਸ਼ਣ ਕਰਨ ਅਤੇ ਉਨ੍ਹਾਂ ਦੇ ਪੈਸੇ ਚੋਰੀ ਕਰਨ ਲਈ, ਕੰਮ ਅਤੇ ਸਥਾਈ ਰਿਹਾਇਸ਼ ਦੇ ਝੂਠੇ ਵਾਅਦਿਆਂ ਨਾਲ ਘਪਲੇ ਕਰਦੇ ਹਨ। |
| We are committed to educating people about the correct processes for applying to live and work in Australia and to assist them to protect themselves from migration fraud and scams. It is important that you understand your rights and your employer's obligations to ensure you are protecting yourself. | ਅਸੀਂ ਅਸਟਰੇਲੀਆ ਵਿੱਚ ਰਹਿਣ ਅਤੇ ਕੰਮ ਕਰਨ ਲਈ ਦਰਖਾਸਤ ਦੇਣ ਦੀ ਸਹੀ ਪ੍ਰਕ੍ਰਿਆ ਬਾਰੇ ਲੋਕਾਂ ਨੂੰ ਸਿੱਖਿਅਤ ਕਰਨ ਲਈ ਅਤੇ ਉਨ੍ਹਾਂ ਦੀ ਖੁਦ ਨੂੰ ਪ੍ਰਵਾਸ ਦੇ ਧੋਖਿਆਂ ਅਤੇ ਘਪਲਿਆਂ ਤੋਂ ਸੁਰੱਖਿਅਤ ਕਰਨ ਵਿੱਚ ਮਦਦ ਕਰਨ ਲਈ ਪ੍ਰਤੀਬੱਧ ਹਾਂ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਆਪਣੇ ਹੱਕਾਂ ਅਤੇ ਆਪਣੇ ਰੁਜ਼ਗਾਰਦਾਤੇ ਦੀਆਂ ਜ਼ਿੰਮੇਵਾਰੀਆਂ ਨੂੰ ਸਮਝੋ। |
| Most people follow the appropriate and lawful process in meeting visa and sponsorship requirements, a minority do not. We undertake a range of measures to identify those who are engaging in fraudulent activities and have penalties in place to deal with visa holders and sponsors who are found to be doing the wrong thing | ਬਹੁਤੇ ਲੋਕ ਵੀਜ਼ਾ ਅਤੇ ਸਪੌਂਸਰਸ਼ਿਪ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਢੁੱਕਵੀਂ ਅਤੇ ਕਾਨੂੰਨੀ ਪ੍ਰਕ੍ਰਿਆ ਦੀ ਪਾਲਣਾ ਕਰਦੇ ਹਨ, ਪਰ ਕੁਝ ਲੋਕ ਅਜਿਹਾ ਨਹੀਂ ਕਰਦੇ ਹਨ। ਅਸੀਂ ਉਨ੍ਹਾਂ ਲੋਕਾਂ ਦੀ ਪਛਾਣ ਲਈ ਕਈਂ ਤਰ੍ਹਾਂ ਦੇ ਉਪਾਆਂ ਨੂੰ ਲਾਗੂ ਕਰਦੇ ਹਾਂ ਜੋ ਧੋਖਾਧੜੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹਨ । ਜਿਨ੍ਹਾਂ ਨੇ ਗਲਤ ਤਰੀਕੇ ਨਾਲ ਵੀਜ਼ਾ ਜਾਂ ਸਪੌਂਸਰਸ਼ਿਪ ਪ੍ਰਾਪਤ ਕੀਤੀ ਹੈ, ਉਹਨਾ ਤੇਹ ਕਈ ਜੁਰਮਾਨੇ ਵੀ ਲਾਏ ਜਾਣਗੇ। |
| **<u>What are we doing to stop these scams?</u>** | **<u>ਅਸੀਂ ਇਨ੍ਹਾਂ ਘਪਲਿਆਂ ਨੂੰ ਰੋਕਣ ਲਈ ਕੀ ਕਰ ਰਹੇ ਹਾਂ?</u>** |
| We take scams very seriously and have a number of strategies in place to prevent people from becoming victims of scams but also to take action against those engaging in fraudulent behaviour. | ਅਸੀਂ ਘਪਲਿਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਲੋਕਾਂ ਨੂੰ ਘਪਲਿਆਂ ਦੇ ਸ਼ਿਕਾਰ ਹੋਣ ਤੋਂ ਰੋਕਣ ਲਈ ਅਤੇ ਨਾਲ ਹੀ ਧੋਖਾਧੜੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਵਿਰੁੱਧ ਕਾਰਵਾਈ ਕਰਨ ਲਈ ਸਾਡੇ ਕੋਲ ਰਣਨੀਤੀਆਂ ਹਨ। |
| • We educate people about <u>current scams</u> and the <u>warning signs</u> to look out for. | • ਅਸੀਂ ਲੋਕਾਂ ਨੂੰ <u>ਮੌਜੂਦਾ ਘਪਲਿਆਂ</u> ਬਾਰੇ ਸਿੱਖਿਅਤ ਕਰਦੇ ਹਾਂ ਅਤੇ <u>ਅਗੇ ਵਾਸਤੇ ਚੇਤਾਵਨੀ ਦੇ ਚਿੰਨ੍ਹਾਂ</u> ਬਾਰੇ ਸੁਚੇਤ ਕਰਦੇ ਹਾਂ। |
| • We run monitoring and educational campaigns in addition to standard sponsor audits to ensure that sponsors and visa holders are meeting their visa conditions and sponsorship obligations in accordance | • ਅਸੀਂ, ਸਟੈਂਡਰਡ ਸਪੌਂਸਰ ਆੱਡਿਟਜ਼ ਕਰਨ ਦੇ ਇਲਾਵਾ ਮਾਨੀਟਰਿੰਗ ਅਤੇ ਸਿੱਖਿਆ ਦੇਣ ਦੀਆਂ ਮੁਹਿੰਮਾਂ ਵੀ ਚਲਾਉਂਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਪੌਂਸਰ ਅਤੇ ਵੀਜ਼ਾ ਧਾਰਕ ਆਪਣੀਆਂ ਵੀਜ਼ਾ ਅਤੇ |

| | |
|---|---|
| with migration laws. | ਸਪੌਂਸਰਸ਼ਿਪ ਨਾਲ ਸਬੰਧਤ ਜ਼ਿੰਮੇਵਾਰੀਆਂ ਨੂੰ ਪ੍ਰਵਾਸ ਦੇ ਕਾਨੂੰਨਾਂ ਦੇ ਅਨੁਸਾਰ ਪੂਰਾ ਕਰ ਰਹੇ ਹਨ। |
| • We take action when visa holders and/or sponsors are found to be doing the wrong thing, this may include visa cancellation, administrative sanctions such as cancellation of sponsorships, issuing financial penalties, or taking court action. In 2013-14, we monitored 2,294 sponsors, resulting in 365 sanctions and 28 financial penalties. We cancelled 10,454 subclass 457 visas where visa holders were found to be in breach of their visa conditions. | • ਜਦੋਂ ਇਹ ਪਤਾ ਲੱਗਦਾ ਹੈ ਕਿ ਵੀਜ਼ਾ ਹੋਲਡਰ ਅਤੇ/ਜਾਂ ਸਪੌਂਸਰ ਗਲਤ ਕੰਮ ਕਰ ਰਹੇ ਹਨ ਤਾਂ ਅਸੀਂ ਕਾਰਵਾਈ ਕਰਦੇ ਹਾਂ, ਇਸ ਵਿੱਚ ਵੀਜ਼ਾ ਰੱਦ ਕਰਨਾ, ਪ੍ਰਸ਼ਾਸਕੀ ਰੋਕਾਂ, ਜਿਵੇਂ ਕਿ ਸਪੌਂਸਰਸ਼ਿਪ ਨੂੰ ਰੱਦ ਕਰਨਾ, ਵਿੱਤੀ ਜੁਰਮਾਨਿਆਂ ਨੂੰ ਜਾਰੀ ਕਰਨਾ ਅਤੇ ਅਦਾਲਤੀ ਕਾਰਵਾਈ ਕਰਨਾ ਸ਼ਾਮਲ ਹੋ ਸਕਦਾ ਹੈ। ਸਾਲ 2013-14 ਵਿੱਚ ਅਸੀਂ 2,294 ਸਪੌਂਸਰਸ਼ਿਪਾਂ ਨੂੰ ਮਾਨੀਟਰ ਕੀਤਾ ਅਤੇ ਇਸਦੇ ਬਾਅਦ 365 ਰੋਕਾਂ ਅਤੇ 28 ਵਿੱਤੀ ਜੁਰਮਾਨੇ ਲਗਾਏ ਗਏ। ਅਸੀਂ, ਉਪਸ਼੍ਰੇਣੀ 457 ਦੇ 10,454 ਵੀਜ਼ਿਆਂ ਨੂੰ ਰੱਦ ਕੀਤਾ ਜਿੱਥੇ ਕਿ ਇਹ ਪਾਇਆ ਗਿਆ ਕਿ ਵੀਜ਼ਾ ਧਾਰਕ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਕਰ ਰਹੇ ਹਨ। |
| • We share information and work cooperatively with the Fair Work Ombudsman to monitor sponsors against their obligations. We also share information with other government agencies such as the Australian Competition and Consumer Commission (ACCC) to ensure that employment scams or exploitation are dealt with in a comprehensive manner. | • ਅਸੀਂ, ਸਪੌਂਸਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੇ ਪ੍ਰਤੀ ਮਾਨੀਟਰ ਕਰਨ ਲਈ ਫੇਅਰ ਵਰਕ ਓਂਬਡਸਮੈਨ ਦੇ ਨਾਲ ਜਾਣਕਾਰੀ ਸਾਂਝੀ ਕਰਦੇ ਹਾਂ ਅਤੇ ਸਹਿਯੋਗ ਨਾਲ ਕੰਮ ਕਰਦੇ ਹਾਂ। ਅਸੀਂ ਹੋਰ ਸਰਕਾਰੀ ਏਜੰਸੀਆਂ ਜਿਵੇਂ ਕਿ ਅਸਟਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ਏ ਸੀ ਸੀ ਸੀ) ਨਾਲ ਵੀ ਜਾਣਕਾਰੀ ਸਾਂਝੀ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੁਜ਼ਗਾਰ ਦੇ ਘਪਲਿਆਂ ਅਤੇ ਸ਼ੋਸ਼ਣ ਦੇ ਨਾਲ ਵਿਆਪਕ ਤਰੀਕੇ ਨਾਲ ਸਿੱਝਿਆ ਜਾਂਦਾ ਹੈ। |
| **What can you do to avoid being the victim of a work visa scam?** | **ਕੰਮ ਨਾਲ ਸਬੰਧਤ ਵੀਜ਼ਾ ਘਪਲੇ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਤੁਸੀਂ ਕੀ ਕਰ ਸਕਦੇ ਹੋ?** |
| There are a number of things you can do to ensure you remain vigilant and do not become the victim of a work visa scam. | ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਤੁਸੀਂ ਇਹ ਯਕੀਨੀ ਬਣਾਉਣ ਲਈ ਕਰ ਸਕਦੇ ਹੋ ਕਿ ਤੁਸੀਂ ਸਾਵਧਾਨ ਰਹਿੰਦੇ ਹੋ ਅਤੇ ਕੰਮ ਨਾਲ ਸਬੰਧਤ ਵੀਜ਼ਾ ਦੇ ਘਪਲੇ ਦੇ ਸ਼ਿਕਾਰ ਨਹੀਂ ਹੁੰਦੇ। |
| • Ensure you are aware of the visa application charges and processes that apply to your situation. | • ਇਹ ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਵੀਜ਼ਾ ਦਰਖਾਸਤ ਤੇ ਲੱਗਣ ਵਾਲੇਚਾਰਜਿਜ਼ ਬਾਰੇ ਅਤੇ ਉਨ੍ਹਾਂ ਪ੍ਰਕ੍ਰਿਆਵਾਂ ਜੋ ਕਿ ਤੁਹਾਡੀ ਹਾਲਤ ਉੱਤੇ ਲਾਗੂ ਹੁੰਦੀਆਂ ਹਨ, ਬਾਰੇ ਜਾਣਦੇ ਹੋ। |
| • Make sure you are aware of your work rights and your sponsor's obligations. | • ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਕੰਮ ਤੇ ਲਾਗੂ ਹੁੰਦੇ ਅਧਿਕਾਰਾਂ ਅਤੇ ਆਪਣੇ ਸਪੌਂਸਰ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਣਦੇ ਹੋ। |
| • Be cautious of any job offer requiring an upfront payment or paying back some of your salary. | • ਕੰਮ ਨਾਲ ਸਬੰਧਤ ਅਜਿਹੀ ਕਿਸੇ ਵੀ ਪੇਸ਼ਕਸ਼ ਬਾਰੇ ਸਾਵਧਾਨ ਰਹੋ ਜੋ ਪਹਿਲਾਂ ਭੁਗਤਾਨ ਜਾਂ ਤੁਹਾਡੀ ਤਨਖਾਹ ਵਿਚੋਂ ਕੁਝ ਵਾਪਸੀ ਭੁਗਤਾਨ ਦੀ ਗੱਲ ਕਰਦੀ ਹੈ। |
| • Familiarise yourself with current scam warnings and be alert to the warning signs of scams. | • ਆਪਣੇ ਆਪ ਨੂੰ ਘਪਲੇ ਨਾਲ ਸਬੰਧਤ ਮੌਜੂਦਾ ਚੇਤਾਵਨੀਆਂ ਬਾਰੇ ਜਾਣੂੰ ਰੱਖੋ ਅਤੇ ਘਪਲੇ ਦੀ ਚੇਤਾਵਨੀ ਦੇ ਚਿੰਨ੍ਹਾਂ ਬਾਰੇ ਚੇਤੰਨ ਰਹੋ। |
| • If you use a Migration Agent, ensure you are using a Registered Migration agent. Always check with Office of the Migration Agents Registration Authority to see if an Agent is registered. | • ਜੇ ਤੁਸੀਂ ਪ੍ਰਵਾਸ ਨਾਲ ਸਬੰਧਤ ਕਿਸੇ ਏਜੰਟ ਦੀ ਵਰਤੋਂ ਕਰਦੇ ਹੋ, ਤਾਂ ਯਕੀਨੀ ਬਣਾਓ ਕਿ ਤੁਸੀਂ ਰਜਿਸਟਰਡ ਪ੍ਰਵਾਸ ਏਜੰਟ ਦੀ ਵਰਤੋਂ ਕਰ ਰਹੇ ਹੋ। ਇਹ ਦੇਖਣ ਲਈ ਕਿ ਕੋਈ ਏਜੰਟ ਰਜਿਸਟਰਡ ਹੈ, ਆਫ਼ਿਸ ਆਫ਼ ਦਿ ਮਾਈਗ੍ਰੇਸ਼ਨ |

| | |
|---|---|
| | ਏਜੰਟਸ ਰਜਿਸਟ੍ਰੇਸ਼ਨ ਅਥਾਰਿਟੀ ਦੇ ਕੋਲ ਪਤਾ ਲਗਾਓ। |
| **Scenario 1 – Beware of visa scams** | **ਦ੍ਰਿਸ਼ ਬਿਰਤਾਂਤ 1 - ਵੀਜ਼ਾ ਘਪਲਿਆਂ ਬਾਰੇ ਚੇਤੰਨ ਰਹੋ** |
| Chang is a qualified chef. He wanted to find employment in Australia in his field. Chang thought he and his family might like living and working in Australia and they could consider applying for permanent residence. | ਚੈਂਗ ਇਕ ਯੋਗਤਾ ਪ੍ਰਾਪਤ ਸ਼ੈੱਫ਼ ਹੈ। ਉਹ ਆਪਣੇ ਖੇਤਰ ਵਿੱਚ ਅਸਟਰੇਲੀਆ ਵਿੱਚ ਰੁਜ਼ਗਾਰ ਦੀ ਭਾਲ ਕਰਨੀ ਚਾਹੁੰਦਾ ਹੈ। ਚੈਂਗ ਨੇ ਸੋਚਿਆ ਉਹ ਅਤੇ ਉਸਦਾ ਪਰਿਵਾਰ ਅਸਟਰੇਲੀਆ ਵਿੱਚ ਰਹਿਣਾ ਅਤੇ ਕੰਮ ਕਰਨਾ ਪਸੰਦ ਕਰੇਗਾ ਅਤੇ ਉਹ ਸਥਾਈ ਰਿਹਾਇਸ਼ ਲਈ ਦਰਖਾਸਤ ਦੇਣ ਬਾਰੇ ਵਿਚਾਰ ਕਰ ਸਕਦੇ ਹਨ। |
| A friend told Chang that he knew of someone who helped to find people jobs in Australia and could organise sponsorship under the subclass 457 visa programme. Chang's friend provided him with an email address to find out more. | ਚੈਂਗ ਦੇ ਇਕ ਦੋਸਤ ਨੇ ਉਸਨੂੰ ਦੱਸਿਆ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਜਾਣਦਾ ਹੈ ਜੋ ਲੋਕਾਂ ਨੂੰ ਅਸਟਰੇਲੀਆ ਵਿੱਚ ਕੰਮ ਲੱਭਣ ਵਿੱਚ ਮਦਦ ਕਰਦਾ ਹੈ ਅਤੇ ਜਿਹੜਾ ਵੀਜ਼ਾ ਪ੍ਰੋਗ੍ਰਾਮ ਦੀ ਉਪਸ਼੍ਰੇਣੀ 457 ਦੇ ਅਧੀਨ ਸਪੌਂਸਰਸ਼ਿਪ ਦਾ ਪ੍ਰਬੰਧ ਕਰ ਸਕਦਾ ਹੈ। ਚੈਂਗ ਦੇ ਦੋਸਤ ਨੇ ਉਸਨੂੰ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇੱਕ ਈਮੇਲ ਪਤਾ ਮੁਹੱਈਆ ਕਰਵਾਇਆ। |
| Chang emailed the contact his friend had given him and received an immediate response from a person called Jo. Jo said that he could find a job for Chang as a chef with a good restaurant in Sydney and asked Chang to meet him at a local café to discuss the process further. | ਚੈਂਗ ਨੇ ਉਸ ਪਤੇ ਤੇ ਈਮੇਲ ਭੇਜੀ ਜਿਹੜਾ ਕਿ ਉਸਦੇ ਦੋਸਤ ਨੇ ਉਸਨੂੰ ਦਿੱਤਾ ਸੀ ਅਤੇ ਉਸਨੂੰ ਤੁਰੰਤ ਹੀ ਉਸ ਵਿਅਕਤੀ ਤੋਂ ਜੁਆਬ ਮਿਲਿਆ ਜਿਸਦਾ ਨਾਮ ਜੋਅ ਸੀ। ਜੋਅ ਨੇ ਕਿਹਾ ਕਿ ਉਹ ਸਿਡਨੀ ਦੇ ਵਿੱਚ ਇਕ ਚੰਗੇ ਰੈਸਟੋਰੈਂਟ ਵਿੱਚ ਸ਼ੈੱਫ਼ ਵੱਜੋਂ ਕੰਮ ਦੀ ਭਾਲ ਲਈ ਚੈਂਗ ਦੀ ਮਦਦ ਕਰ ਸਕਦਾ ਹੈ ਅਤੇ ਉਸਨੇ ਚੈਂਗ ਨੂੰ ਕਿਸੇ ਸਥਾਨਕ ਕੈਫ਼ੇ ਵਿੱਚ ਮਿਲਣ ਲਈ ਕਿਹਾ ਤਾਂ ਜੋਅ ਅੱਗੇ ਦੀ ਕਾਰਵਾਈ ਬਾਰੇ ਗੱਲ ਕੀਤੀ ਜਾ ਸਕੇ। |
| Chang met Jo at a local restaurant and Jo explained to him that in order to secure a job and visa sponsorship for Chang he would need to pay $5000 now and then $5000 once the job was secured. Chang thought this was a lot of money and asked if he could speak with the restaurant in Sydney first. Jo said that he would ask the restaurant manager to email Chang with more details. | ਚੈਂਗ, ਜੋਅ ਨੂੰ ਸਥਾਨਕ ਰੈਸਟੋਰੈਂਟ ਵਿੱਚ ਮਿਲਿਆ ਅਤੇ ਜੋ ਨੇ ਉਸਨੂੰ ਦੱਸਿਆ ਕਿ ਕੰਮ ਅਤੇ ਵੀਜ਼ਾ ਸਪੌਂਸਰਸ਼ਿਪ ਪ੍ਰਾਪਤ ਕਰਨ ਲਈ ਚੈਂਗ ਨੂੰ ਹੁਣ $5000 ਦਾ ਭੁਗਤਾਨ ਕਰਨਾ ਪਵੇਗਾ ਅਤੇ ਜਦੋਂ ਕੰਮ ਮਿਲ ਜਾਵੇ ਤਾਂ $5000 ਦੇਣੇ ਪੈਣਗੇ। ਚੈਂਗ ਨੇ ਸੋਚਿਆ ਇਹ ਬਹੁਤ ਜ਼ਿਆਦਾ ਖਰਚ ਹੈ ਅਤੇ ਉਸਨੇ ਪੁੱਛਿਆ ਕੀ ਉਹ ਸਿਡਨੀ ਵਿਚਲੇ ਰੈਸਟੋਰੈਂਟ ਨਾਲ ਪਹਿਲਾਂ ਗੱਲ ਕਰ ਸਕਦਾ ਹੈ? ਜੋਅ ਨੇ ਕਿਹਾ ਕਿ ਉਹ ਰੈਸਟੋਰੈਂਟ ਦੇ ਮੈਨੇਜਰ ਨੂੰ ਚੈਂਗ ਨੂੰ ਹੋਰ ਵੇਰਵਿਆਂ ਦੇ ਨਾਲ ਈਮੇਲ ਕਰਨ ਲਈ ਕਹੇਗਾ। |
| Chang received an email from Sam at Roasted Roo Bar and Bistro in Sydney. Sam said that they would like to offer him a chef position and emailed him a copy of an employment contract. Chang looked at Roasted Roo Bar and Bistro on the internet and thought it looked like a great place to work. | ਚੈਂਗ ਨੇ ਸਿਡਨੀ ਵਿਚਲੇ ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਸੈਮ ਤੋਂ ਇਕ ਈਮੇਲ ਆਯੀ। ਸੈਮ ਨੇ ਚੈਂਗ ਨੂੰ ਕਿਹਾ ਕਿ ਉਹ ਉਸਨ ਸ਼ੈੱਫ਼ ਦੀ ਨੌਕਰੀ ਦੀ ਪੇਸ਼ਕਸ਼ ਕਰਨੀ ਚਾਹਵੇਗਾ ਅਤੇ ਉਸਨੇ ਚੈਂਗ ਨੂੰ ਰੁਜ਼ਗਾਰ ਸਮਝੌਤੇ ਦੀ ਇਕ ਨਕਲ ਦੀ ਈਮੇਲ ਭੇਜੀ। ਚੈਂਗ ਨੇ ਇੰਟਰਨੈਟ ਤੇ ਰੋਸਟਡ ਰੂ ਬਾਰ ਐਂਡ ਬਿਸਟਰੋ ਦੇਖਿਆ ਅਤੇ ਉਸਨੇ ਸੋਚਿਆ ਕਿ ਕੰਮ ਕਰਨ ਲਈ ਇਹ ਬਹੁਤ ਵਧੀਆ ਥਾਂ ਪ੍ਰਤੀਤ ਹੁੰਦਾ ਹੈ। |
| Chang organised another meeting with Jo. They met at the same restaurant and Chang gave Jo $5000 to secure the job with Roasted Roo Bar and Bistro. | ਚੈਂਗ ਨੇ ਜੋਅ ਦੇ ਨਾਲ ਇਕ ਹੋਰ ਮੀਟਿੰਗ ਦਾ ਪ੍ਰਬੰਧ ਕੀਤਾ। ਉਹ, ਓਸੇ ਰੈਸਟੋਰੈਂਟ ਵਿੱਚ ਮੁੜ ਮਿਲੇ ਅਤੇ ਚੈਂਗ ਨੇ ਜੋ ਨੂੰ $5000 ਦੇ ਦਿੱਤੇ ਤਾਂ ਜੋ ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਵਿੱਚ ਨੌਕਰੀ ਪੱਕੀ ਕੀਤੀ ਜਾ ਸਕੇ। |
| Later that day Chang received an email from Sam at Roasted Roo Bar and Bistro in Sydney with a formal job offer. The email also asked Chang to provide another $5000 to Jo, so that | ਉਸ ਦਿਨ ਬਾਅਦ ਵਿੱਚ ਚੈਂਗ ਨੇ ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਸੈਮ ਤੋਂ ਇਕ ਈਮੇਲ ਆਯੀ ਜਿਸ ਵਿੱਚ ਨੌਕਰੀ ਦੀ ਇਕ ਰਸਮੀ ਪੇਸ਼ਕਸ਼ ਸੀ। ਈਮੇਲ ਵਿੱਚ ਚੈਂਗ ਨੂੰ ਇਹ ਵੀ ਕਿਹਾ ਗਿਆ ਕਿ ਉਹ ਜੋਅ ਨੂੰ ਹੋਰ $5000 ਦੇਵੇ ਤਾਂ ਜੋ |

| | |
|---|---|
| all the paperwork could be lodged with the Department of Immigration and Border Protection. Chang made this payment to Jo. | ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਕੋਲ ਸਾਰੇ ਕਾਗਜ਼ ਜਮਾਂ ਕਰਵਾਏ ਜਾ ਸਕਣ। ਚੈਂਗ ਨੇ ਜੋਅ ਨੂੰ ਇਹ ਭੁਗਤਾਨ ਵੀ ਕਰ ਦਿੱਤਾ। |
| Chang did not hear anything for a couple of weeks and sent many emails to Jo, but did not receive any response. Chang sent emails to Sam at Roasted Roo Bar and Bistro and did not receive any response. Chang contacted the Department of Immigration and Border Protection and was advised that no application had been lodged with the department. Chang became very worried and called Roasted Roo Bar and Bistro in Sydney to speak with Sam. Roasted Roo Bar and Bistro's manager said no-one called Sam worked there and they did not need any chefs. Chang explained that he had been in email contact with Sam and gave them Sam's email address. Roasted Roo Bar and Bistro's manager said the email address for Sam was not linked to their restaurant and that they had never heard of him. | ਚੈਂਗ ਨੂੰ ਕੁਝ ਹਫ਼ਤੇ ਤੱਕ ਕੋਈ ਵੀ ਜਾਣਕਾਰੀ ਨਾ ਮਿੱਲੀ ਅਤੇ ਉਸਨੇ ਜੋ ਨੂੰ ਕਈਂ ਈਮੇਲਾਂ ਭੇਜੀਆ, ਪਰ ਉਸਨੂੰ ਕੋਈ ਜੁਆਬ ਨਹੀਂ ਮਿਲਿਆ। ਚੈਂਗ ਨੇ ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਸੈਮ ਨੂੰ ਵੀ ਈਮੇਲਾਂ ਭੇਜੀਆ ਪਰ ਉਸਨੂੰ, ਉਸ ਤੋਂ ਵੀ ਕੋਈ ਜੁਆਬ ਨਾ ਮਿਲਿਆ। ਚੈਂਗ ਨੇ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਨਾਲ ਸੰਪਰਕ ਕੀਤਾ ਅਤੇ ਜਿਸਨੇ ਉਸਨੂੰ ਦੱਸਿਆ ਕਿ ਇਸ ਵਿਭਾਗ ਦੇ ਕੋਲ ਕੋਈ ਉਸਦੀ ਦਰਖਾਸਤ ਨਹੀਂ ਆਈ ਹੋਈ ਹੈ। ਚੈਂਗ ਬਹੁਤ ਚਿੰਤਿਤ ਹੋ ਗਿਆ ਅਤੇ ਉਸਨੇ ਸੈਮ ਨਾਲ ਗੱਲ ਕਰਨ ਲਈ ਰੋਸਟਡ ਰੂ ਬਾਰ ਐਂਡ ਬਿਸਟਰੋ ਨੂੰ ਫ਼ੋਨ ਕੀਤਾ। ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਮੈਨੇਜਰ ਨੇ ਉਸਨੂੰ ਕਿਹਾ ਕਿ ਸੈਮ ਨਾਮ ਦਾ ਕੋਈ ਵਿਅਕਤੀ ਓਥੇ ਕੰਮ ਨਹੀਂ ਕਰਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਸ਼ੈੱਫ਼ ਦੀ ਜ਼ਰੂਰਤ ਨਹੀਂ ਹੈ। ਚੈਂਗ ਨੇ ਕਿਹਾ ਕਿ ਉਹ ਸੈਮ ਦੇ ਨਾਲ ਈਮੇਲ ਰਾਹੀਂ ਸੰਪਰਕ ਵਿੱਚ ਰਿਹਾ ਹੈ ਅਤੇ ਉਸਨੇ ਉਨ੍ਹਾਂ ਨੂੰ ਸੈਮ ਦਾ ਈਮੇਲ ਪਤਾ ਵੀ ਦਿੱਤਾ। ਰੋਸਟਡ ਰੂ ਬਾਰ ਐਂਡ ਬਿਸਟਰੋ ਦੇ ਮੈਨੇਜਰ ਨੇ ਕਿਹਾ ਕਿ ਸੈਮ ਦਾ ਈਮੇਲ ਪਤਾ ਉਨ੍ਹਾਂ ਦੇ ਰੈਸਟੋਰੈਂਟ ਨਾਲ ਸਬੰਧਤ ਨਹੀਂ ਹੈ ਅਤੇ ਉਨ੍ਹਾਂ ਨੇ ਕਦੇ ਵੀ ਉਸ ਬਾਰੇ ਨਹੀਂ ਸੁਣਿਆ ਹੈ। |
| Chang was really upset as he realised he had been the victim of a scam and had lost a lot of his hard-earned savings. | ਚੈਂਗ ਸੱਚੀਂ ਬਹੁਤ ਵਿਆਕੁਲ ਹੋ ਗਿਆ ਕਿਉਂਕਿ ਉਸਨੂੰ ਪਤਾ ਲੱਗ ਗਿਆ ਸੀ ਕਿ ਉਹ ਘਪਲੇ ਦਾ ਸ਼ਿਕਾਰ ਹੋ ਗਿਆ ਹੈ ਅਤੇ ਉਸਨੇ ਆਪਣੀਆਂ ਮਿਹਨਤ ਨਾਲ ਕਮਾਈਆਂ ਬੱਚਤਾਂ ਨੂੰ ਗੁਆ ਲਿਆ ਹੈ। |
| **<u>Scenario 2 – Are you working in your nominated position?</u>** | **<u>ਦ੍ਰਿਸ਼ ਬਿਰਤਾਂਤ 2 - ਕੀ ਤੁਸੀਂ ਕਿਸੇ ਨਾਮਾਂਕਿਤ ਪਦਵੀ ਤੇ ਕੰਮ ਕਰ ਰਹੇ ਹੋ?</u>** |
| Vikram has spent the last four years in Australia studying. While Vikram was studying he was working 40 hours a fortnight at a local restaurant as a waiter. As he has almost finished his course, Vikram was becoming nervous about his future in Australia; he wanted to stay but did not know if he was eligible for any other visas. | ਵਿਕਰਮ ਚਾਰ ਸਾਲਾਂ ਤੋ ਆਸਟ੍ਰੇਲੀਆ ਵਿਚ ਪੜ੍ਹ ਰਿਹਾ ਸੀ। ਜਦੋਂ ਵਿਕਰਮ ਪੜ੍ਹ ਰਿਹਾ ਸੀ ਤਾਂ ਉਹ ਕਿਸੇ ਸਥਾਨਕ ਰੈਸਟੋਰੈਂਟ ਵਿੱਚ ਵੇਟਰ ਦੇ ਵੱਜੋਂ ਪੰਦਰਾਂ ਦਿਨਾਂ ਵਿੱਚ 40 ਘੰਟੇ ਕੰਮ ਕਰਦਾ ਸੀ। ਜਦੋਂ ਉਹ ਆਪਣਾ ਕੋਰਸ ਖਤਮ ਕਰਨ ਵਾਲਾ ਸੀ, ਤਾਂ ਅਸਟਰੇਲੀਆ ਵਿੱਚਲੇ ਆਪਣੇ ਭਵਿੱਖ ਬਾਰੇ ਚਿੰਤਿਤ ਹੋ ਗਿਆ; ਉਹ ਇੱਥੇ ਰਹਿਣਾ ਚਾਹੁੰਦਾ ਸੀ, ਪਰ ਉਸਨੂੰ ਇਹ ਨਹੀਂ ਪਤਾ ਸੀ ਕਿ ਕੀ ਉਹ ਹੋਰ ਕਿਸਮ ਦੇ ਵੀਜ਼ਿਆਂ ਦੇ ਯੋਗ ਹੋ ਸਕਦਾ ਹੈ। |
| Vikram's boss at the restaurant offered to sponsor him as a restaurant manager. Vikram had never worked as a restaurant manager and his only work experience was in waiting tables. When Vikram expressed these concerns to his boss, his boss told him that he would not expect Vikram to work as the manager, but they could just tell the Department of Immigration and Border Protection that this was the role he had already been filling at the restaurant and that he would continue in that role. Vikram's boss said he would organise all the paperwork. | ਰੈਸਟੋਰੈਂਟ ਵਿਚਲੇ ਵਿਕਰਮ ਦੇ ਬੌਸ ਨੇ ਉਸਨੂੰ ਰੈਸਟੋਰੈਂਟ ਦੇ ਮੈਨੇਜਰ ਵੱਜੋਂ ਸਪੌਂਸਰ ਕਰਨ ਦੀ ਪੇਸ਼ਕਸ਼ ਕੀਤੀ।ਵਿਕਰਮ ਨੇ ਕਦੇ ਵੀ ਰੈਸਟੋਰੈਂਟ ਦੇ ਮੈਨੇਜਰ ਵੱਜੋਂ ਕੰਮ ਨਹੀਂ ਕੀਤਾ ਸੀ ਅਤੇ ਉਸਨੂੰ ਕੇਵਲ ਇੰਤਜ਼ਾਰ ਵਾਲੇ ਮੇਜ਼ਾਂ ਤੇ ਕੰਮ ਕਰਨ ਦਾ ਤਜ਼ਰਬਾ ਹੀ ਸੀ। ਜਦੋਂ ਵਿਕਰਮ ਨੇ ਆਪਣੀਆਂ ਚਿੰਤਾਵਾਂ ਬਾਰੇ ਬੌਸ ਨਾਲ ਗੱਲ ਕੀਤੀ, ਤਾਂ ਉਸਦੇ ਬੌਸ ਨੇ ਉਸਨੂੰ ਦੱਸਿਆ ਕਿ ਉਹ ਇਹ ਆਸ ਨਹੀਂ ਕਰਦੇ ਕਿ ਉਹ ਮੈਨੇਜਰ ਦੇ ਵਜੋਂ ਕੰਮ ਕਰੇਗਾ, ਸਗੋਂ ਉਹ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਨੂੰ ਕੇਵਲ ਇਹ ਦੱਸਣਗੇ ਕਿ ਵਿਕਰਮ ਇਹ ਭੂਮਿਕਾ ਪਹਿਲਾਂ ਤੋਂ ਹੀ ਰੈਸਟੋਰੈਂਟ ਵਿੱਚ ਨਿਭਾ ਰਿਹਾ ਹੈ ਅਤੇ ਇਹ ਕਿ ਵਿਕਰਮ ਇਹ ਕੰਮ ਜਾਰੀ ਰੱਖੇਗਾ। ਵਿਕਰਮ ਦੇ ਬੌਸ |

| | |
|---|---|
| | ਨੇ ਕਿਹਾ ਕਿ ਉਹ ਸਾਰੀ ਕਾਗਜ਼ੀ ਕਾਰਵਾਈ ਕਰ ਦੇਵੇਗਾ। |
| Vikram's boss said that as he was helping him out with his visa to stay in Australia, he wanted Vikram to pay $30,000. This was a lot of money but as Vikram wanted to remain in Australia he agreed to this proposal. | ਇਹ ਤੈਯ ਹੋਯਾ ਕੀ ਵਿਕਰਮ ਦੇ ਬੌਸ ਨੇ ਕਿਹਾ ਕਿ ਉਹ ਉਸਨੂੰ ਅਸਟਰੇਲੀਆ ਵਿੱਚ ਉਸਦੇ ਵੀਜ਼ਾ ਵਿੱਚ ਮਦਦ ਕਰ ਰਿਹਾ ਹੈ ਅਤੇ ਉਹ ਚਾਹੁੰਦਾ ਹੈ ਕਿ ਵਿਕਰਮ ਇਸ ਲਈ ਉਸਨੂੰ $30000 ਦੇਵੇ। ਇਹ ਬਹੁਤ ਵੱਡੀ ਰਕਮ ਸੀ, ਪਰ ਕਿਉਂਕਿ ਵਿਕਰਮ ਅਸਟਰੇਲੀਆ ਵਿੱਚ ਰਹਿਣਾ ਚਾਹੁੰਦਾ ਸੀ, ਉਹ ਇਸ ਪ੍ਰਸਤਾਵ ਮੰਨ ਗਿਆ। |
| Vikram had to pay $10,000 to his boss before he submitted the visa application and $20,000 once the visa had been approved. | ਵਿਕਰਮ ਨੂੰ ਉਸਦੇ ਬੌਸ ਦੁਆਰਾ ਵੀਜ਼ਾ ਦੀ ਦਰਖਾਸਤ ਦੇਣ ਤੋਂ ਪਹਿਲਾਂ, ਉਸਨੂੰ $10,000 ਦੇਣੇ ਪੈਣੇ ਸਨ ਅਤੇ ਇਕ ਵਾਰ ਵੀਜ਼ਾ ਦੀ ਸਵੀਕ੍ਰਿਤੀ ਮਿਲ ਜਾਣ ਤੇ $20,000 ਦੇਣੇ ਪੈਣੇ ਸਨ। |
| Vikram had a very nervous wait while his visa was processed as he knew he wasn't being honest with the department. He was very relieved when he received notification of his visa approval and was looking forward to his life in Australia. Even though $30,000 was a lot of money, he was happy to be remaining in Australia. | ਜਦੋਂ ਵਿਕਰਮ ਦੇ ਵੀਜ਼ਾ ਕਾਰਵਾਈ ਅਧੀਨ ਸੀ ਤਾਂ ਉਹ ਬਹੁਤ ਵਿਆਕੁਲ ਸੀ ਕਿਉਂਕਿ ਉਹ ਜਾਣਦਾ ਸੀ ਕਿ ਉਹ ਵਿਭਾਗ ਨਾਲ ਇਮਾਨਦਾਰ ਨਹੀਂ ਸੀ। ਉਸਨੂੰ ਉਸ ਸਮੇਂ ਰਾਹਤ ਮਿਲੀ ਜਦੋਂ ਉਸਨੇ ਆਪਣੀ ਵੀਜ਼ਾ ਸਵੀਕ੍ਰਿਤੀ ਦਾ ਨੋਟਿਸ ਪ੍ਰਾਪਤ ਕੀਤਾ ਅਤੇ ਉਹ ਅਸਟਰੇਲੀਆ ਵਿਚਲੇ ਭਵਿੱਖ ਪ੍ਰਤੀ ਆਸਵੰਦ ਸੀ। ਬੇਸ਼ਕ $30,000 ਇਕ ਵੱਡੀ ਰਕਮ ਸੀ, ਪਰ ਉਹ ਅਸਟਰੇਲੀਆ ਵਿੱਚ ਬਣੇ ਰਹਿ ਸਕਣ ਲਈ ਖੁਸ਼ ਸੀ। |
| Vikram continued to wait tables and perform other duties in the restaurant. Several months after his visa was approved, monitoring officers from the Department of Immigration and Border Protection visited the business to see if the sponsor and visa holders were complying with their obligations. Vikram was asked about his role in the business. He was asked questions about his experience and the duties he performed on a daily basis. Vikram was nervous and concerned because he was struggling to answer their questions and knew he was being untruthful. | ਵਿਕਰਮ ਰੈਸਟੋਰੈਂਟ ਵਿੱਚ ਇੰਤਜ਼ਾਰ ਦੇ ਮੇਜ਼ਾਂ ਤੇ ਅਤੇ ਹੋਰ ਕੰਮ ਕਰਦਾ ਰਿਹਾ। ਕਈਂ ਮਹੀਨੇ ਬਾਅਦ ਉਸਦੇ ਵੀਜ਼ਾ ਨੂੰ ਸਵੀਕ੍ਰਿਤੀ ਮਿਲ ਗਈ ਵਿਭਾਗ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਮਾਨੀਟਰਿੰਗ ਅਧਿਕਾਰੀਆਂ ਨੇ ਇਹ ਦੇਖਣ ਲਈ ਉਸ ਕਾਰੋਬਾਰੀ ਥਾਂ ਤੇ ਵਿਜ਼ਿਟ ਕੀਤੀ ਕਿ ਕੀ ਸਪੌਂਸਰ ਅਤੇ ਵੀਜ਼ਾ ਧਾਰਕ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰ ਰਹੇ ਸਨ। ਵਿਕਰਮ ਨੂੰ ਕਾਰੋਬਾਰ ਵਿਚਲੀ ਉਸਦੀ ਭੂਮਿਕਾ ਬਾਰੇ ਪੁੱਛਿਆ ਗਿਆ। ਉਸਨੂੰ ਉਸਦੇ ਤਜ਼ਰਬੇ ਅਤੇ ਰੋਜ਼ਾਨਾ ਆਧਾਰ ਤੇ ਉਸ ਦੁਆਰਾ ਕੀਤੇ ਜਾਂਦੇ ਕੰਮਾਂ ਬਾਰੇ ਪ੍ਰਸ਼ਨ ਪੁੱਛੇ ਗਏ। ਵਿਕਰਮ ਵਿਆਕੁਲ ਸੀ ਅਤੇ ਚਿੰਤਾ ਕਰ ਰਿਹਾ ਸੀ ਕਿਉਂਕਿ ਉਹ ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਕਠਿਨਾਈ ਮਹਿਸੂਸ ਕਰ ਰਿਹਾ ਸੀ ਅਤੇ ਜਾਣਦਾ ਸੀ ਕਿ ਉਹ ਝੂਠਾ ਹੈ। |
| Following the monitoring audit it was determined that Vikram was not working as the restaurant manager but rather as a waiter. As Vikram was not working in his nominated position, he breached his visa conditions and his visa was cancelled. The sponsor was also penalised for employing Vikram in an incorrect position. The sponsor was barred from sponsoring skilled workers for the next five years and received a substantial fine. | ਮਾਨੀਟਰਿੰਗ ਦੇ ਆਡਿਟ ਦੇ ਬਾਅਦ ਇਹ ਪਾਇਆ ਗਿਆ ਕਿ ਵਿਕਰਮ ਰੈਸਟੋਰੈਂਟ ਵਿੱਚ ਇਕ ਮੈਨੇਜਰ ਵੱਜੋਂ ਕੰਮ ਨਹੀਂ ਕਰ ਰਿਹਾ ਸੀ ਸਗੋਂ ਉਹ ਤਾਂ ਵੇਟਰ ਵੱਜੋਂ ਕੰਮ ਕਰ ਰਿਹਾ ਸੀ। ਕਿਉਂਕਿ ਵਿਕਰਮ ਆਪਣੀ ਨਾਮਾਂਕਿਤ ਪਦਵੀ ਤੇ ਕੰਮ ਨਹੀਂ ਕਰ ਰਿਹਾ ਸੀ, ਉਸਨੇ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਅਤੇ ਉਸਦੇ ਵੀਜ਼ਾ ਨੂੰ ਰੱਦ ਕਰ ਦਿੱਤਾ ਗਿਆ। ਸਪੌਂਸਰ ਨੂੰ ਵੀ ਜੁਰਮਾਨਾ ਲੱਗਿਆ ਕਿਉਂਕਿ ਉਸਨੇ ਵਿਕਰਮ ਨੂੰ ਗਲਤ ਪਦਵੀ ਤੇ ਨੌਕਰੀ ਦਿੱਤੀ ਸੀ। ਸਪੌਂਸਰ ਉੱਤੇ ਅਗਲੇ ਪੰਜ ਸਾਲ ਤੱਕ ਹੁਨਰਮੰਦ ਕਾਮਿਆਂ ਨੂੰ ਸਪੌਂਸਰ ਕਰਨ ਤੇ ਰੋਕ ਲਗਾ ਦਿੱਤੀ ਗਈ ਅਤੇ ਉਸਨੂੰ ਭਾਰੀ ਜੁਰਮਾਨਾ ਵੀ ਲੱਗਿਆ। |
| Vikram was disappointed. Not only would he have to leave Australia, he had lost $30,000 by engaging in fraudulent conduct. He was also informed by the department that as his visa had been cancelled he was unlikely to be successful in obtaining a new visa for at least | ਵਿਕਰਮ ਨਿਰਾਸ਼ ਸੀ। ਨਾ ਕੇਵਲ ਉਸਨੂੰ ਅਸਟਰੇਲੀਆ ਛੱਡ ਕੇ ਜਾਣਾ ਪਵੇਗਾ, ਉਸਨੇ ਧੋਖਾਧੜੀ ਵਾਲੀ ਕਾਰਵਾਈ ਵਿੱਚ ਭਾਗ ਲੈ ਕੇ $30,000 ਵੀ ਗੁਆ ਲਏ। ਉਸਨੂੰ ਵਿਭਾਗ ਦੁਆਰਾ ਇਹ ਸੂਚਨਾ ਵੀ ਦਿੱਤੀ ਗਈ ਕਿ ਕਿਉਂਕਿ ਉਸਦੇ ਵੀਜ਼ਾ ਨੂੰ ਰੱਦ ਕੀਤਾ ਗਿਆ ਹੈ, ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਉਹ |

| | |
|---|---|
| three years. | ਅਗਲੇ ਘੱਟੋ ਘੱਟ ਤਿੰਨ ਸਾਲ ਤੱਕ ਵੀਜ਼ਾ ਪ੍ਰਾਪਤ ਕਰਨ ਵਿੱਚ ਸਫ਼ਲ ਹੋਏਗਾ। |
| **<u>Scenario 3 – Know you sponsor's obligations</u>** | **<u>ਦ੍ਰਿਸ਼ ਬਿਰਤਾਂਤ 3 - ਆਪਣੇ ਸਪੌਂਸਰ ਦੀਆਂ ਜ਼ਿੰਮੇਵਾਰੀਆਂ ਨੂੰ ਜਾਣੋ</u>** |
| Sasha had been working as an electrician and had been sponsored by Down Thunder Electrical Pty Ltd. When she agreed to work for Down Thunder Electrical Pty Ltd she was promised that after two years they would sponsor her for permanent residence. She was to work 38 hours and be paid $1037 a week. She was enjoying her time working and living in Australia. | ਸਾਸ਼ਾ ਇਕ ਇਲੈਕਟ੍ਰੀਸ਼ੀਅਨ ਦੇ ਤੌਰ ਤੇ ਕੰਮ ਕਰਦੀ ਸੀ ਅਤੇ ਡਾਊਨ ਥੰਡਰ ਇਲੈਕਟ੍ਰੀਕਲ ਪ੍ਰਾਈ. ਲਿਮ. ਦੁਆਰਾ ਉਸਨੂੰ ਸਪੌਂਸਰ ਕੀਤਾ ਗਿਆ ਸੀ। ਜਦੋਂ ਉਸਨੇ ਡਾਊਨ ਥੰਡਰ ਇਲੈਕਟ੍ਰੀਕਲ ਲਿਮ ਦੇ ਲਈ ਕੰਮ ਕਰਨ ਦੀ ਸਹਿਮਤੀ ਦਿੱਤੀ ਤਾਂ ਉਸ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਦੋ ਸਾਲ ਦੇ ਬਾਅਦ ਉਹ ਉਸਨੂੰ ਸਥਾਈ ਰਿਹਾਇਸ਼ ਦੇ ਲਈ ਸਪੌਂਸਰ ਕਰਨਗੇ। ਹਫ਼ਤੇ ਵਿੱਚ ਉਸਨੂੰ 38 ਘੰਟੇ ਕੰਮ ਕਰਨਾ ਪੈਂਦਾ ਸੀ ਅਤੇ ਉਸਨੂੰ $1037 ਦਿੱਤੇ ਜਾਂਦੇ ਸਨ। ਉਹ ਅਸਟਰੇਲੀਆ ਵਿੱਚ ਕੰਮ ਕਰਨ ਅਤੇ ਰਹਿਣ ਦੇ ਆਪਣੇ ਸਮੇਂ ਦਾ ਆਨੰਦ ਮਾਣ ਰਹੀ ਸੀ। |
| After three months of working she was approached by her employer who demanded she pay back money for visa costs. Overall, he demanded she pay back $12,000. If she failed to pay-back this money the sponsor threatened to cancel her visa and not sponsor her for permanent residence. Sasha was very concerned as her new life in Australia was in jeopardy. | ਕੰਮ ਕਰਨ ਦੇ ਤਿੰਨ ਮਹੀਨੇ ਦੇ ਬਾਅਦ ਉਸਦੇ ਰੁਜ਼ਗਾਰਦਾਤੇ ਨੇ ਉਸ ਤੱਕ ਪਹੁੰਚ ਕੀਤੀ ਅਤੇ ਮੰਗ ਕੀਤੀ ਕਿ ਉਹ ਵੀਜ਼ਾ ਦੀਆਂ ਲਾਗਤਾਂ ਲਈ ਪੈਸੇ ਵਾਪਸ ਦੇਵੇ। ਕੁੱਲ ਮਿਲਾ ਕੇ ਉਸਨੇ ਉਸ ਤੋਂ $12,000 ਦੀ ਮੰਗ ਕੀਤੀ। ਸਪੌਂਸਰ ਨੇ ਉਸਨੂੰ ਧਮਕੀ ਦਿੱਤੀ ਕਿ ਜੇ ਉਹ ਪੈਸੇ ਵਾਪਸ ਕਰਨ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਹ ਉਸਦੀ ਸਥਾਈ ਰਿਹਾਇਸ਼ ਨੂੰ ਸਪੌਂਸਰ ਨਹੀਂ ਕਰੇਗਾ। ਸਾਸ਼ਾ ਇਸ ਬਾਰੇ ਬਹੁਤ ਚਿੰਤਤ ਸੀ ਕਿ ਅਸਟਰੇਲੀਆ ਵਿੱਚ ਸ਼ੁਰੂ ਕੀਤਾ ਗਿਆ ਉਸਦਾ ਨਵਾਂ ਜੀਵਨ ਕਠਿਨਾਈ ਵਿੱਚ ਸੀ। |
| Over the next few weeks, with Sasha's reluctant agreement, her employer withheld $150 from her pay every week to pay back the visa costs. The sponsor also started demanding that she work longer hours and to work on her days off. Sasha was exhausted and struggling to pay rent and bills due to the deductions to her pay. Sasha did not know what to do. She thought that if she stopped paying the sponsor and working the longer hours her visa would be cancelled. | ਅਗਲੇ ਕੁਝ ਹਫ਼ਤਿਆਂ ਵਿੱਚ, ਸਾਸ਼ਾ ਦੀ ਝਿਜਕ ਵਾਲੀ ਸਹਿਮਤੀ ਨਾਲ, ਉਸਦੇ ਰੁਜ਼ਗਾਰਦਾਤੇ ਨੇ ਉਸਦੀ ਤਨਖਾਹ ਵਿਚੋਂ ਹਰ ਹਫ਼ਤੇ $150 ਰੱਖਣੇ ਸ਼ੁਰੂ ਕਰ ਦਿੱਤੇ ਤਾਂ ਜੋ ਉਸਦੇ ਵੀਜ਼ਾ ਦੇ ਖਰਚਿਆਂ ਨੂੰ ਵਸੂਲਿਆ ਜਾ ਸਕੇ। ਸਪੌਂਸਰ ਨੇ ਇਹ ਵੀ ਮੰਗ ਕੀਤੀ ਕਿ ਉਹ ਜ਼ਿਆਦਾ ਘੰਟਿਆਂ ਲਈ ਕੰਮ ਕਰੇ ਅਤੇ ਆਪਣੀ ਛੁੱਟੀ ਵਾਲੇ ਦਿਨ ਵੀ ਕੰਮ ਕਰੇ। ਸਾਸ਼ਾ ਥੱਕ ਗਈ ਅਤੇ ਆਪਣੀ ਤਨਖਾਹ ਵਿਚੋਂ ਕੀਤੀਆਂ ਜਾਂਦੀਆਂ ਕਟੌਤੀਆਂ ਦੇ ਕਾਰਨ ਉਹ ਆਪਣੇ ਕਿਰਾਏ ਅਤੇ ਬਿੱਲਾਂ ਦੇ ਭੁਗਤਾਨ ਲਈ ਸੰਘਰਸ਼ ਕਰ ਰਹੀ ਸੀ। ਸਾਸ਼ਾ ਨਹੀਂ ਜਾਣਦੀ ਸੀ ਕਿ ਕੀ ਕੀਤਾ ਜਾਵੇ। ਉਸਨੇ ਸੋਚਿਆ ਕਿ ਜੇਕਰ ਉਹ ਸਪੌਂਸਰ ਨੂੰ ਭੁਗਤਾਨ ਕਰਨਾ ਅਤੇ ਜ਼ਿਆਦਾ ਘੰਟਿਆਂ ਲਈ ਕੰਮ ਕਰਨਾ ਬੰਦ ਕਰ ਦਿੰਦੀ ਹੈ ਤਾਂ ਉਸਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ। |
| Sasha spoke to her co-workers and discovered that they too were paying back large sums of money to the employer and working longer hours. It appeared to her that she was not the only employee being exploited. | ਸਾਸ਼ਾ ਨੇ ਆਪਣੇ ਸਹਿ-ਕਾਮਿਆਂ ਨਾਲ ਗੱਲ ਕੀਤੀ ਅਤੇ ਉਸਨੂੰ ਪਤਾ ਲੱਗਿਆ ਕਿ ਉਹ ਵੀ ਰੁਜ਼ਗਾਰਦਾਤੇ ਨੂੰ ਪੈਸੇ ਦੀਆਂ ਵੱਡੀਆਂ ਰਕਮਾਂ ਦਾ ਵਾਪਸੀ ਭੁਗਤਾਨ ਕਰ ਰਹੇ ਸਨ ਅਤੇ ਜ਼ਿਆਦਾ ਘੰਟਿਆਂ ਲਈ ਕੰਮ ਕਰ ਰਹੇ ਸਨ। ਉਸਨੂੰ ਇਹ ਜਾਪਿਆ ਕਿ ਉਸਦੇ ਰੁਜ਼ਗਾਰਦਾਤੇ ਦੁਆਰਾ ਕੇਵਲ ਉਸਦਾ ਹੀ ਸੋਸ਼ਣ ਨਹੀਂ ਕੀਤਾ ਜਾ ਰਿਹਾ ਸੀ। |
| Sasha's friend noticed that she was worried about work and stressed about her visa. She told Sasha that she could report her employer to the Department of Immigration and Border | ਸਾਸ਼ਾ ਦੀ ਇਕ ਦੋਸਤ ਨੇ ਦਸਿਆ ਕਿ ਉਹ ਕੰਮ ਪ੍ਰਤੀ ਚਿੰਤਿਤ ਹੈ ਅਤੇ ਆਪਣੇ ਵੀਜ਼ਾ ਦੇ ਬਾਰੇ ਤਣਾਅ ਵਿੱਚ ਹੈ। ਉਸਨੇ ਸਾਸ਼ਾ ਨੂੰ ਦੱਸਿਆ ਕਿ ਉਹ ਆਪਣੇ ਰੁਜ਼ਗਾਰਦਾਤੇ ਬਾਰੇ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ |

| | |
|---|---|
| Protection. Her friend told her that her employer did not have the power to cancel her visa – as only the department could do that. Her friend also informed her that she could look for another job and seek sponsorship with another company. | ਪ੍ਰੋਟੈਕਸ਼ਨ ਨੂੰ ਦੱਸ ਸਕਦੀ ਹੈ। ਉਸਦੀ ਦੋਸਤ ਨੇ ਉਸਨੂੰ ਦੱਸਿਆ ਕਿ ਉਸਦੇ ਰੁਜ਼ਗਾਰਦਾਤੇ ਕੋਲ ਸਾਸ਼ਾ ਦੇ ਵੀਜ਼ਾ ਨੂੰ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ - ਕਿਉਂਕਿ ਕੇਵਲ ਵਿਭਾਗ ਹੀ ਇਹ ਰੱਦ ਕਰ ਸਕਦਾ ਹੈ। ਉਸਦੀ ਦੋਸਤ ਨੇ ਉਸਨੂੰ ਇਹ ਵੀ ਦੱਸਿਆ ਕਿ ਉਹ ਕੋਈ ਹੋਰ ਕੰਮ ਲੱਭ ਸਕਦੀ ਹੈ ਅਤੇ ਹੋਰ ਕੰਪਨੀ ਦੀ ਸਪੌਂਸਰਸ਼ਿਪ ਦੀ ਭਾਲ ਕਰ ਸਕਦੀ ਹੈ। |
| Sasha took her friends advice and anonymously reported her sponsor to the Department of Immigration and Border Protection through the dob-in line on the website. | ਸਾਸ਼ਾ ਨੇ ਆਪਣੇ ਦੋਸਤ ਦੀ ਸਲਾਹ ਨੂੰ ਵਰਤਿਆ ਅਤੇ ਗੁੰਮਨਾਮ ਤਰੀਕੇ ਨਾਲ ਆਪਣੇ ਸਪੌਂਸਰ ਬਾਰੇ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਨੂੰ ਵੈਬਸਾਇਟ ਤੇ ਡੀ ਓ ਬੀ - ਇਨ ਲਾਇਨ ਦੇ ਰਾਹੀਂ ਦੱਸ ਦਿੱਤਾ। |
| Departmental officers visited Sasha's workplace and discovered that employees were paying visa costs back to the sponsor. The sponsor was barred from further sponsorships and referred to the Fair Work Ombudsman for investigation because of the excessive hours Sasha and her colleagues were being forced to work. Meanwhile, Sasha was able to find a new sponsor who met their obligations and was eventually sponsored for permanent residence. | ਡਿਪਾਰਟਮੈਂਟ ਦੇ ਅਧਿਕਾਰੀਆਂ ਨੇ ਸਾਸ਼ਾ ਦੇ ਕੰਮ ਦੇ ਟਿਕਾਣੇ ਤੇ ਵਿਜ਼ਿਟ ਕੀਤੀ ਅਤੇ ਪਾਇਆ ਕਿ ਕਰਮਚਾਰੀ ਆਪਣੇ ਵੀਜ਼ਾ ਦੀਆਂ ਲਾਗਤਾਂ ਦਾ ਸਪੌਂਸਰ ਨੂੰ ਵਾਪਸੀ ਭੁਗਤਾਨ ਕਰ ਰਹੇ ਸਨ। ਸਪੌਂਸਰ ਉੱਤੇ ਅੱਗੇ ਤੋਂ ਸਪੌਂਸਰਸ਼ਿਪ ਕਰਨ ਤੋਂ ਰੋਕ ਲੱਗ ਗਈ ਅਤੇ ਅੱਗੇ ਦੀ ਜਾਂਚ ਲਈ ਇਸ ਨੂੰ ਫੇਅਰ ਵਰਕ ਓਬਡਸਮੈਨ ਦੇ ਹਵਾਲੇ ਕਰ ਦਿੱਤਾ ਗਿਆ ਕਿਉਂਕਿ ਸਾਸ਼ਾ ਅਤੇ ਉਸਦੇ ਸਹਿਕਰਮੀ ਨੂੰ ਜ਼ਿਆਦਾ ਘੰਟੇ ਕੰਮ ਕਰਨ ਦੀ ਜ਼ਬਰਦਸਤੀ ਕੀਤੀ ਜਾਂਦੀ ਸੀ। ਇਸ ਦੇ ਦੌਰਾਨ, ਸਾਸ਼ਾ ਇਕ ਨਵੇਂ ਸਪੌਂਸਰ ਨੂੰ ਲੱਭਣ ਵਿੱਚ ਕਾਮਯਾਬ ਹੋ ਗਈ ਜੋ ਕਿ ਵਿਭਾਗ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦਾ ਸੀ ਅਤੇ ਅੰਤ ਵਿੱਚ ਉਸਨੇ ਸਾਸ਼ਾ ਦੀ ਸਥਾਈ ਰਿਹਾਇਸ਼ ਨੂੰ ਸਪੌਂਸਰ ਕੀਤਾ। |
| **<u>Scenario 4 – Are you working at your nominated place of employment?</u>** | **<u>ਦ੍ਰਿਸ਼ ਬਿਰਤਾਂਤ 4 - ਕੀ ਤੁਸੀਂ ਤੁਹਾਡੇ ਕੰਮ ਦੇ ਨਾਮਾਂਕਿਤ ਸਥਾਨ ਉੱਪਰ ਕੰਮ ਕਰ ਰਹੇ ਹੋ?</u>** |
| Abdul wanted to come and live in Australia. He dreamt of becoming a permanent resident and eventually an Australian citizen. Abdul believed his best option to become an Australian would be to enter through the skilled migration pathway. The problem was that Abdul could not find a sponsor willing to sponsor him. | ਅਬਦੁੱਲ ਅਸਟਰੇਲੀਆ ਆਉਣਾ ਅਤੇ ਰਹਿਣਾ ਚਾਹੁੰਦਾ ਸੀ। ਉਹ ਸਥਾਈ ਰਿਹਾਇਸ਼ੀ ਬਣਨ ਅਤੇ ਅੰਤ ਵਿੱਚ ਅਸਟਰੇਲੀਆਈ ਨਾਗਰਿਕ ਬਣਨ ਦੇ ਸੁਪਨੇ ਦੇਖਦਾ ਸੀ। ਅਬਦੁੱਲ ਇਹ ਵਿਸ਼ਵਾਸ਼ ਕਰਦਾ ਸੀ ਕਿ ਇਕ ਅਸਟਰੇਲੀਆਈ ਬਣਨ ਲਈ ਸਭ ਤੋਂ ਵਧੀਆ ਵਿਕਲਪ ਹੁਨਰਮੰਦ ਪ੍ਰਵਾਸ ਦੇ ਰਸਤੇ ਦੇ ਰਾਹੀਂ ਦਾਖਲ ਹੋਣਾ ਹੋਏਗਾ। ਸਮੱਸਿਆ ਇਹ ਸੀ ਕਿ ਅਬਦੁੱਲ ਨੂੰ ਉਸਨੂੰ ਸਪੌਂਸਰ ਕਰਨ ਦੀ ਇੱਛਾ ਰੱਖਣ ਵਾਲਾ ਸਪੌਂਸਰ ਨਹੀਂ ਮਿਲ ਸਕਿਆ। |
| Abdul sought the advice of a family member who informed him that he knew a man called Wasim who would be willing to sponsor him. Wasim operated a large import-export company. | ਅਬਦੁੱਲ ਨੇ ਆਪਣੀ ਜਾਂ ਪੇਹ੍ਹਾਨ ਵਿਚ  ਗਲ ਕੀਤੀ ਤੇਹ ਇਕ ਬੰਦੇ ਨੇ ਸਲਾਹ ਦਿਤੀ  ਜਿਸਨੇ ਇਹ ਦੱਸਿਆ ਕਿ ਉਹ ਵਸੀਮ ਨਾਮ ਦੇ ਵਿਅਕਤੀ ਨੂੰ ਜਾਣਦਾ ਹੈ ਅਤੇ ਜਿਹੜਾ ਕਿ ਉਸਨੂੰ ਸਪੌਂਸਰ ਕਰਨ ਦਾ ਇੱਛੁੱਕ ਹੋ ਸਕਦਾ ਹੈ।ਵਸੀਮ ਇਕ ਵੱਡੀ ਆਯਾਤ-ਨਿਰਯਾਤ ਦੀ ਕੰਪਨੀ ਚਲਾਉਂਦਾ ਸੀ। |
| Abdul contacted Wasim and asked him if he could sponsor him. Wasim informed Abdul that he did not have any jobs available in his company and could not afford to pay his wage to employ him. However, Wasim told Abdul that he would sponsor him for $20,000 upfront. Abdul would also need to pay money to Wasim each month. This would then be paid back to Abdul to make it appear that the import-export company was paying Abdul a salary. Abdul wanted to live in Australia, so he | ਅਬਦੁੱਲ ਨੇ ਵਸੀਮ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਪੁੱਛਿਆ ਕਿ ਉਹ ਉਸਨੂੰ ਸਪੌਂਸਰ ਕਰ ਸਕਦਾ ਹੈ।ਵਸੀਮ ਨੇ ਅਬਦੁੱਲ ਨੂੰ ਦੱਸਿਆ ਕਿ ਉਸ ਕੋਲ ਆਪਣੀ ਕੰਪਨੀ ਵਿੱਚ ਕੋਈ ਨੌਕਰੀ ਖਾਲੀ ਨਹੀਂ ਹੈ ਅਤੇ ਉਹ ਉਸਨੂੰ ਕੰਮ ਦੇਣ ਲਈ ਤਨਖਾਹ ਦੇਣ ਦੀ ਸਮਰੱਥਾ ਨਹੀਂ ਰੱਖਦਾ ਹੈ। ਵੈਸੇ, ਵਸੀਮ ਨੇ ਅਬਦੁੱਲ ਨੂੰ ਦੱਸਿਆ ਉਹ $20,000 ਦੇ ਪੇਸ਼ਗੀ ਭੁਗਤਾਨ ਤੇ ਸਪੌਂਸਰ ਕਰੇਗਾ। ਅਬਦੁੱਲ ਨੂੰ ਵਸੀਮ ਨੂੰ ਹਰ ਮਹੀਨੇ ਵੀ ਪੈਸੇ ਦੇਣੇ ਪੈਣਗੇ। ਇਹ ਬਾਅਦ ਵਿੱਚ ਅਬਦੁੱਲ ਨੂੰ ਵਾਪਸ ਕਰ ਦਿੱਤੇ ਜਾਣਗੇ ਤਾਂ ਜੋ ਇਹ ਨਜ਼ਰ ਆਏ ਕਿ ਆਯਾਤ-ਨਿਰਯਾਤ |

| | |
|---|---|
| agreed to this. | ਦੀ ਕੰਪਨੀ ਅਬਦੁੱਲ ਨੂੰ ਤਨਖਾਹ ਦੇ ਰਹੀ ਸੀ। ਅਬਦੁੱਲ ਅਸਟਰੇਲੀਆ ਵਿੱਚ ਰਹਿਣਾ ਚਾਹੁੰਦਾ ਸੀ ਇਸ ਕਰਕੇ ਉਹ ਇਸ ਲਈ ਮੰਨ ਗਿਆ। |
| Abdul paid the upfront money to Wasim who then sponsored him to work in Australia with his import-export company. Abdul was excited when he received a visa to live and work in Australia. As Wasim had no job for Abdul, Abdul did not work at Wasim's company. Instead he found work as a taxi driver. | ਅਬਦੁੱਲ ਨੇ ਵਸੀਮ ਨੂੰ ਪੇਸ਼ਗੀ ਭੁਗਤਾਨ ਕੀਤਾ ਜਿਸਨੇ ਬਾਅਦ ਵਿੱਚ ਅਸਟਰੇਲੀਆ ਵਿੱਚ ਉਸਦੀ ਆਯਾਤ-ਨਿਰਯਾਤ ਦੀ ਕੰਪਨੀ ਵਿੱਚ ਕੰਮ ਕਰਨ ਲਈ ਅਬਦੁੱਲ ਨੂੰ ਸਪੌਂਸਰ ਕੀਤਾ। ਜਦੋਂ ਅਬਦੁਲ ਨੇ ਅਸਟਰੇਲੀਆ ਵਿੱਚ ਰਹਿਣ ਅਤੇ ਕੰਮ ਕਰਨ ਦਾ ਵੀਜ਼ਾ ਪ੍ਰਾਪਤ ਕੀਤਾ ਤਾਂ ਉਹ ਬਹੁਤ ਉਤਸਕ ਸੀ। ਕਿਉਂਕਿ ਵਸੀਮ ਕੋਲ ਅਬਦੁੱਲ ਲਈ ਕੋਈ ਕੰਮ ਨਹੀਂ ਸੀ, ਅਬਦੁੱਲ ਨੇ ਵਸੀਮ ਦੀ ਕੰਪਨੀ ਵਿੱਚ ਕੰਮ ਨਹੀਂ ਕੀਤਾ। ਇਸਦੀ ਥਾਂ ਤੇ ਉਸਨੇ ਟੈਕਸੀ ਡਰਾਈਵਰ ਦੇ ਵੱਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। |
| This arrangement continued for a number of months until the Department of Immigration and Border Protection performed a routine monitoring check on Wasim's company. They asked to talk to Abdul, who was not at the business. Departmental officials questioned other employees and discovered that Abdul had never worked at the company, but rather had an arrangement with Wasim. | ਇਹ ਪ੍ਰਬੰਧ ਕਈਂ ਮਹੀਨੇ ਚਲਦਾ ਰਿਹਾ ਜਦੋਂ ਤੱਕ ਕਿ ਡਿਪਾਰਟਮੈਂਟ ਆਫ਼ ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਵਸੀਮ ਦੀ ਕੰਪਨੀ ਦੀ ਨਿਯਮਤ ਜਾਂਚ ਕੀਤੀ। ਉਨ੍ਹਾਂ ਨੇ ਅਬਦੁੱਲ ਨਾਲ ਗੱਲ ਕਰਵਾਉਣ ਲਈ ਕਿਹਾ ਜੋ ਕਿ ਉਸ ਸਮੇਂ ਓਥੇ ਨਹੀਂ ਸੀ। ਵਿਭਾਗੀ ਅਧਿਕਾਰੀਆਂ ਨੇ ਹੋਰ ਕਰਮਚਾਰੀਆਂ ਤੋਂ ਪੁੱਛਿਆ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਅਬਦੁੱਲ ਨੇ ਕਦੇ ਵੀ ਕੰਪਨੀ ਵਿੱਚ ਕੰਮ ਨਹੀਂ ਕੀਤਾ, ਸਗੋਂ ਇਹ ਤਾਂ ਵਸੀਮ ਨਾਲ ਕੀਤਾ ਗਿਆ ਇਕ ਪ੍ਰਬੰਧ ਸੀ। |
| Several days later the department contacted Abdul about these allegations. Abdul claimed that the reason that he was not at work on the day of the department's visit was due to illness. He denied that he was working as a taxi driver. The investigators further questioned Abdul about his role in the business and his co-workers. Because Abdul had never worked with the import-export company he was unable to answer these questions. Abdul and Wasim were found to have provided false and misleading information to the department. | ਕਈਂ ਦਿਨ ਬਾਅਦ ਵਿਭਾਗ ਨੇ ਅਬਦੁੱਲ ਨਾਲ ਇਨ੍ਹਾਂ ਦੋਸ਼ਾਂ ਦੇ ਸਬੰਧ ਵਿੱਚ ਸੰਪਰਕ ਕੀਤਾ। ਅਬਦੁੱਲ ਨੇ ਦਾਅਵਾ ਕੀਤਾ ਕਿ ਕੰਮ ਦੇ ਸਥਾਨ ਤੇ ਉਸਦੇ ਨਾ ਹੋਣ ਦਾ ਕਾਰਨ ਇਹ ਸੀ ਕਿ ਜਿਸ ਸਮੇਂ ਵਿਭਾਗ ਨੇ ਕੰਪਨੀ ਵਿੱਚ ਵਿਜ਼ਿਟ ਕੀਤੀ ਉਸ ਦਿਨ ਉਹ ਬਿਮਾਰ ਸੀ। ਉਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਟੈਕਸੀ ਡਰਾਈਵਰ ਦੇ ਤੌਰ ਤੇ ਕੰਮ ਕਰ ਰਿਹਾ ਸੀ। ਜਾਂਚਕਰਤਾਵਾਂ ਨੇ ਅਬਦੁੱਲ ਨੂੰ ਅੱਗੇ ਕਾਰੋਬਾਰ ਵਿਚਲੀ ਉਸਦੀ ਅਤੇ ਸਹਿ-ਕਰਮੀਆਂ ਦੀ ਭੂਮਿਕਾ ਬਾਰੇ ਪੁੱਛਿਆ। ਕਿਉਂਕਿ ਅਬਦੁੱਲ ਨੇ ਕਦੇ ਵੀ ਆਯਾਤ-ਨਿਰਯਾਤ ਦੀ ਕੰਪਨੀ ਨਾਲ ਕੰਮ ਨਹੀਂ ਕੀਤਾ ਸੀ ਇਸ ਕਰਕੇ ਉਹ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਹੀਂ ਦੇ ਸਕਿਆ। ਇਹ ਪਾਇਆ ਗਿਆ ਕਿ ਅਬਦੁੱਲ ਅਤੇ ਵਸੀਮ ਨੇ ਵਿਭਾਗ ਨੂੰ ਗਲਤ ਅਤੇ ਗੁੰਮਰਾਹਕੁਨ ਜਾਣਕਾਰੀ ਦਿੱਤੀ ਹੈ। |
| Abdul's visa was cancelled and he may not be able to return to Australia for at least three years. In addition he was unable to recover his $20,000. Wasim received a substantial fine and was prevented from sponsoring any new employees. | ਅਬਦੁੱਲ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਸੀ ਅਤੇ ਹੋ ਸਕਦਾ ਹੈ ਕਿ ਉਹ ਘੱਟੋ ਘੱਟ ਤਿੰਨ ਸਾਲਾਂ ਲਈ ਅਸਟਰੇਲੀਆ ਵਾਪਸ ਨਾ ਆ ਸਕੇ। ਇਸ ਦੇ ਇਲਾਵਾ ਉਹ ਆਪਣੇ $20,000 ਨੂੰ ਵਾਪਸ ਪ੍ਰਾਪਤ ਕਰਨ ਵਿੱਚ ਅਸਫ਼ਲ ਸੀ। ਵਸੀਮ ਨੂੰ ਭਾਰੀ ਜੁਰਮਾਨਾ ਲੱਗਿਆ ਅਤੇ ਉਸ ਉੱਤੇ ਹੋਰ ਕਰਮਚਾਰੀਆਂ ਨੂੰ ਸਪੌਂਸਰ ਕਰਨ ਉੱਤੇ ਰੋਕ ਲਗਾ ਦਿੱਤੀ ਗਈ ਸੀ। |
| **Scenario 5 - Are you going to be employed in your nominated position?** | **ਦ੍ਰਿਸ਼ ਬਿਰਤਾਂਤ 5 - ਕੀ ਤੁਹਾਨੂੰ ਤੁਹਾਡੀ ਨਾਮਾਂਕਿਤ ਪੁਜੀਸ਼ਨ ਤੇ ਹੀ ਕੰਮ ਦਿੱਤਾ ਜਾ ਰਿਹਾ ਹੈ?** |
| Lee is an IT Network Analyst. For several months, he had been trying to find a 457 sponsor so he could live and work in Australia, but with no success. Lee's aunt Jin ran a small IT company in Melbourne. Although she had no need for an IT Network Analyst, due to the size and the nature of the business, she | ਲੀ ਇਕ ਆਈ ਟੀ ਨੈਟਵਰਕ ਵਿਸ਼ਲੇਸ਼ਕ ਹੈ। ਕਈਂ ਮਹੀਨਿਆਂ ਤੋਂ ਉਹ ਇਕ 457 ਸ਼੍ਰੇਣੀ ਦਾ ਸਪੌਂਸਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਜੋ ਉਹ ਅਸਟਰੇਲੀਆ ਵਿੱਚ ਰਹਿ ਸਕੇ ਅਤੇ ਕੰਮ ਕਰ ਸਕੇ, ਪਰ ਉਸਨੂੰ ਸਫ਼ਲਤਾ ਨਹੀਂ ਮਿਲੀ। ਲੀ ਦੀ ਆਂਟੀ ਜਿਨ ਮੈਲਬਰਨ ਵਿੱਚ ਇਕ ਛੋਟੀ ਜਿਹੀ ਆਈ ਟੀ ਕੰਪਨੀ ਚਲਾਉਂਦੀ ਸੀ। |

| | |
|---|---|
| wished to help her nephew Lee. Therefore, Jin decided to apply to become a 457 sponsor with the intention of sponsoring Lee, despite not having a position available. | ਭਾਵੇਂ ਉਸਨੂੰ ਆਪਣੇ ਕਾਰੋਬਾਰ ਦੇ ਆਕਾਰ ਅਤੇ ਇਸਦੀ ਕਿਸਮ ਦੇ ਅਨੁਸਾਰ ਕਿਸੇ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਜ਼ਰੂਰਤ ਨਹੀਂ ਸੀ, ਉਸਦੀ ਇਹ ਇੱਛਾ ਸੀ ਕਿ ਉਹ ਆਪਣੇ ਭਤੀਜੇ ਲੀ ਦੀ ਮਦਦ ਕਰੇ। ਇਸ ਲਈ ਜਿਨ ਨੇ ਲੀ ਨੂੰ ਸਪੌਂਸਰ ਕਰਨ ਦੇ ਇਰਾਦੇ ਨਾਲ 457 ਸ਼੍ਰੇਣੀ ਦਾ ਸਪੌਂਸਰ ਬਣਨ ਲਈ ਦਰਖਾਸਤ ਦੇਣ ਦਾ ਨਿਰਣਾ ਕੀਤਾ, ਭਾਵੇਂ ਕਿ ਉਸ ਕੋਲ ਇਸ ਤਰ੍ਹਾਂ ਦੀ ਕੋਈ ਥਾਂ ਖਾਲੀ ਨਹੀਂ ਸੀ। |
| Jin told Lee that she was unable to afford the costs involved in becoming a 457 sponsor. As Lee was desperate to live and work in Australia, he told his aunt that he would pay for his own visa costs, and the costs for Jin's company to become a 457 sponsor and to nominate him. Lee was aware that when he arrived in Australia, his aunt would be unable to employ him as an IT Network Analyst, but for visa purposes he would be an employee of the company. | ਜਿਨ ਨੇ ਲੀ ਨੂੰ ਦੱਸਿਆ ਕਿ ਉਹ 457 ਸ਼੍ਰੇਣੀ ਦਾ ਸਪੌਂਸਰ ਬਣਨ ਲਈ ਲੋੜੀਂਦੀਆਂ ਲਾਗਤਾਂ ਨੂੰ ਵਹਿਣ ਕਰਨ ਦੇ ਸਮਰੱਥ ਨਹੀਂ ਹੈ। ਕਿਉਂਕਿ ਲੀ ਅਸਟਰੇਲੀਆ ਵਿੱਚ ਰਹਿਣ ਲਈ ਬਹੁਤ ਕਾਹਲਾ ਸੀ, ਉਸਨੇ ਆਪਣੀ ਆਂਟੀ ਨੂੰ ਦੱਸਿਆ ਕਿ ਉਹ ਆਪਣੇ ਵੀਜ਼ਾ ਦੀਆਂ ਲਾਗਤਾਂ ਅਤੇ ਲੀ ਦੀ ਕੰਪਨੀ ਦੇ 457 ਸ਼੍ਰੇਣੀ ਦਾ ਸਪੌਂਸਰ ਬਣਨ ਤੇ ਆਉਣ ਵਾਲੀਆਂ ਅਤੇ ਉਸਨੂੰ ਨਾਮਾਂਕਿਤ ਕਰਨ ਤੇ ਆਉਣ ਵਾਲੀਆਂ ਲਾਗਤਾਂ ਦਾ ਖੁਦ ਭੁਗਤਾਨ ਕਰੇਗਾ। ਲੀ ਜਾਣਦਾ ਸੀ ਕਿ ਜਦੋਂ ਉਹ ਅਸਟਰੇਲੀਆ ਪਹੁੰਚੇਗਾ ਉਸਦੀ ਆਂਟੀ ਉਸਨੂੰ ਆਈ ਟੀ ਵਿਸ਼ਲੇਸ਼ਕ ਦੇ ਤੌਰ ਤੇ ਕੰਮ ਦੇਣ ਤੋਂ ਅਸਮਰੱਥ ਹੋਏਗੀ ਅਤੇ ਉਹ ਕੇਵਲ ਵੀਜ਼ਾ ਦੇ ਮਕਸਦ ਲਈ ਕੰਪਨੀ ਦਾ ਕਰਮਚਾਰੀ ਹੋਏਗਾ। |
| Lee paid all the necessary fees and submitted all the required applications to the department to seek approval of Jin's company as a 457 sponsor and nominate the position of IT network analyst. He planned to apply for his visa when the sponsorship and nomination were approved. | ਲੀ ਨੇ ਜਿਨ ਦੀ ਕੰਪਨੀ ਨੂੰ 457 ਸ਼੍ਰੇਣੀ ਵਾਲਾ ਸਪੌਂਸਰ ਬਣਾਉਣ ਲਈ ਅਤੇ ਉਸਨੂੰ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਪੁਜੀਸ਼ਨ ਲਈ ਨਾਮਾਂਕਿਤ ਕਰਨ ਲਈ ਜ਼ਰੂਰੀ ਫੀਸਾਂ ਦਾ ਭੁਗਤਾਨ ਕੀਤਾ ਅਤੇ ਸਾਰੀਆਂ ਲੋੜੀਂਦੀਆਂ ਦਰਖਾਸਤਾਂ ਨੂੰ ਜਮਾਂ ਕਰਵਾਇਆ। ਜਦੋਂ ਉਸਦੀ ਸਪੌਂਸਰਸ਼ਿਪ ਅਤੇ ਨਾਮਾਂਕਣ ਨੂੰ ਸਵੀਕ੍ਰਿਤੀ ਦੇ ਦਿੱਤੀ ਗਈ ਤਾਂ ਉਸਨੇ ਆਪਣੇ ਵੀਜ਼ਾ ਲਈ ਦਰਖਾਸਤ ਦੇਣ ਦੀ ਯੋਜਨਾ ਬਣਾਈ। |
| While waiting for the sponsorship and the nomination to be approved, Jin received an unannounced visit from departmental officers.. The officers stated that they were conducting a site visit on the request of the processing officer to see if Jin's business met the requirements to be a 457 visa sponsor, and if the company required an IT Network Analyst as she had stated in her nomination application. | ਸਪੌਂਸਰਸ਼ਿਪ ਦਾ ਅਤੇ ਨਾਮਾਂਕਣ ਦੀ ਸਵੀਕ੍ਰਿਤੀ ਦਾ ਇਤੰਜ਼ਾਰ ਕਰਦੇ ਸਮੇਂ, ਜਿਨ ਨੂੰ ਵਿਭਾਗ ਦੇ ਅਧਿਕਾਰੀ ਬਿਨਾਂ ਦੱਸਿਆਂ ਮਿਲਣ ਆਏ ... ਅਧਿਕਾਰੀਆਂ ਨੇ ਦੱਸਿਆ ਕਿ ਉਹ ਪ੍ਰੋਸੈਸਿੰਗ ਅਧਿਕਾਰੀ ਦੀ ਬੇਨਤੀ ਤੇ ਸਾਇਟ ਤੇ ਵਿਜ਼ਿਟ ਕਰ ਰਹੇ ਹਨ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਜਿਨ ਦਾ ਕਾਰੋਬਾਰ 457 ਸ਼੍ਰੇਣੀ ਦਾ ਵੀਜ਼ਾ ਸਪੌਂਸਰ ਬਣਨ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਅਤੇ ਕੀ ਕੰਪਨੀ ਨੂੰ, ਜਿਸ ਤਰ੍ਹਾਂ ਉਸਦੇ ਨਾਮਾਂਕਣ ਦੀ ਦਰਖਾਸਤ ਵਿੱਚ ਦੱਸਿਆ ਗਿਆ ਹੈ ਇਕ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਜ਼ਰੂਰਤ ਹੈ। |
| The officers questioned Jin about the nature of the work conducted by the business and the role of the proposed IT Network Analyst. As Jin did not need an IT Network Analyst, she struggled to answer the questions being asked of her. As a result, the officers informed the processing area that the business did not need an IT Network Analyst and that they had concerns about the genuineness of the sponsorship application. The processing officer refused the company's sponsorship application and Lee was unable to apply for a visa through Jin's company. All the fees Lee paid for the sponsorship and nomination | ਅਧਿਕਾਰੀਆਂ ਨੇ ਜਿਨ ਨੂੰ ਕਾਰੋਬਾਰ ਦੁਆਰਾ ਕੀਤੇ ਜਾਂਦੇ ਕੰਮ ਦੀ ਕਿਸਮ ਬਾਰੇ ਅਤੇ ਪ੍ਰਸਤਾਵਿਤ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਭੂਮਿਕਾ ਬਾਰੇ ਪੁੱਛਿਆ। ਕਿਉਂਕਿ ਜਿਨ ਨੂੰ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਜ਼ਰੂਰਤ ਨਹੀਂ ਸੀ, ਉਸਨੇ, ਉਸਨੂੰ ਪੁੱਛੇ ਜਾ ਰਹੇ ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਕਠਿਨਾਈ ਮਹਿਸੂਸ ਕੀਤੀ। ਇਸ ਦੇ ਨਤੀਜਤਨ ਅਧਿਕਾਰੀਆਂ ਨੇ ਦਰਖਾਸਤ ਤੇ ਕਾਰਵਾਈ ਕਰ ਰਹੇ ਦਫ਼ਤਰ ਨੂੰ ਦੱਸਿਆ ਕਿ ਕਾਰੋਬਾਰ ਨੂੰ ਆਈ ਟੀ ਨੈਟਵਰਕ ਵਿਸ਼ਲੇਸ਼ਕ ਦੀ ਜ਼ਰੂਰਤ ਨਹੀਂ ਹੈ ਅਤੇ ਇਹ ਕਿ ਉਨ੍ਹਾਂ ਨੂੰ ਸਪੌਂਸਰਸ਼ਿਪ ਦੀ ਦਰਖਾਸਤ ਦੇ ਸਹੀ ਹੋਣ ਬਾਰੇ ਸ਼ੰਕਾਵਾਂ ਹਨ। ਦਰਖਾਸਤ ਤੇ ਕਾਰਵਾਈ ਕਰਨ ਵਾਲੇ ਅਧਿਕਾਰੀ ਨੇ ਕੰਪਨੀ ਦੀ ਸਪੌਂਸਰਸ਼ਿਪ ਦੀ ਦਰਖਾਸਤ ਨੂੰ ਰੱਦ ਕਰ ਦਿੱਤਾ ਅਤੇ ਇਸ ਕਾਰਨ |

| | |
|---|---|
| application were non-refundable. | ਲੀ, ਜਿਨ ਦੀ ਕੰਪਨੀ ਦੇ ਰਾਹੀਂ ਵੀਜ਼ਾ ਲਈ ਦਰਖਾਸਤ ਨਹੀਂ ਦੇ ਸਕਿਆ। ਸਪੌਂਸਰਸ਼ਿਪ ਅਤੇ ਨਾਮਾਂਕਣ ਲਈ ਲੀ ਦੁਆਰਾ ਭੁਗਤਾਨ ਕੀਤੀਆਂ ਗਈਆਂ ਸਾਰੀਆਂ ਫੀਸਾਂ ਗੈਰ-ਵਾਪਸੀਯੋਗ ਸਨ। |
| **What can you do to help us stop work visa scams?** | **ਕੰਮ ਨਾਲ ਸਬੰਧਤ ਵੀਜ਼ਾ ਘਪਲਿਆਂ ਨੂੰ ਰੋਕਣ ਵਿੱਚ ਸਾਡੀ ਮਦਦ ਲਈ ਤੁਸੀਂ ਕੀ ਕਰ ਸਕਦੇ ਹੋ?** |
| If you know of someone who is involved in migration fraud, is operating illegally as an unregistered migration agent, or if you are the victim of migration fraud, report it to us through our Immigration dob-in service. | ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਪ੍ਰਵਾਸ ਦੇ ਘਪਲੇ ਵਿੱਚ ਸ਼ਾਮਲ ਹੈ ਅਤੇ ਗੈਰ-ਰਜਿਸਟਰਡ ਪ੍ਰਵਾਸ ਏਜੰਟ ਦੇ ਤੌਰ ਤੇ ਗੈਰ-ਕਾਨੂੰਨੀ ਰੂਪ ਵਿੱਚ ਕੰਮ ਕਰ ਰਿਹਾ ਹੈ, ਜਾਂ ਜੇ ਤੁਸੀਂ ਪ੍ਰਵਾਸ ਧੋਖਾਧੜੀ ਦੇ ਸ਼ਿਕਾਰ ਹੋ, ਤਾਂ ਇਸ ਬਾਰੇ ਸਾਨੂੰ ਸਾਡੀ ਡੀਓਬੀ-ਇਨ ਸਰਵਿਸ ਦੇ ਰਾਹੀਂ ਸੂਚਿਤ ਕਰੋ। ਜੇ ਤੁਸੀਂ ਕਹੋਗੇ ਤਾ ਤੁਹਾਡੀ ਪੇਹ੍ਚਾਨ ਗੁਪਤ ਰਾਖੀ ਜਾਵੇਗੀ |
| Suspected scams can also be reported to SCAMwatch. It is an independent website run by the Australian Competition and Consumer Commission (ACCC). | ਸ਼ੱਕੀ ਘਪਲਿਆਂ ਬਾਰੇ ਵੀ ਸਕੈਮਵਾਚ ਨੂੰ ਸੂਚਿਤ ਕੀਤਾ ਜਾ ਸਕਦਾ ਹੈ।ਇਹ ਇਕ ਆਜ਼ਾਦਾਨਾ ਵੈਬਸਾਇਟ ਹੈ ਜੋ ਕਿ ਅਸਟਰੇਲੀਅਨ ਕੰਪੀਟੀਸ਼ਨ ਅਤੇ ਕੰਜ਼ੀਊਮਰ ਕਮਿਸ਼ਨ (ਏ ਸੀ ਸੀ ਸੀ) ਦੁਆਰਾ ਚਲਾਈ ਜਾਂਦੀ ਹੈ। |
| If you have been scammed by an individual or group that is not in Australia, you might also want to consider reporting the issue to local police or consumer protection authorities in the country where you reside. | ਜੇ ਕਿਸੇ ਵਿਅਕਤੀ ਜਾਂ ਸਮੂਹ ਦੁਆਰਾ ਤੁਹਾਡੇ ਨਾਲ ਘਪਲਾ ਕੀਤਾ ਗਿਆ ਹੈ ਜੋ ਕਿ ਅਸਟਰੇਲੀਆ ਵਿੱਚ ਨਹੀਂ ਹੈ, ਤਾਂ ਹੋ ਸਕਦਾ ਹੈ ਤੁਸੀਂ ਮੁੱਦੇ ਨੂੰ ਉਸ ਦੇਸ਼ ਜਿੱਥੇ ਕਿ ਤੁਸੀਂ ਰਹਿੰਦੇ ਹੋ, ਓਥੋਂ ਦੀ ਸਥਾਨਕ ਪੁਲਿਸ ਜਾਂ ਕੰਜ਼ੀਊਮਰ ਪ੍ਰੋਟੈਕਸ਼ਨ ਅਥਾਰਟੀਆਂ ਨੂੰ ਸੂਚਿਤ ਕਰਨ ਦੀ ਇੱਛਾ ਕਰ ਸਕਦੇ ਹੋ। |